ਲੈਕਚਰ 3

## ਨਰਮ ਦਲ ਦਾ ਕਾਲ

1885 ਈਸਵੀ ਤੋਂ 1905 ਇਸ ਵਿੱਚ ਭਾਰਤ ਦੇ ਨਰਮਦਲੀਏ ਲੀਡਰ ਦੇਸ਼ ਦੇ ਰਾਜਨੀਤਕ ਖੇਤਰ ਵਿੱਚ ਮਹੱਤਵਪੂਰਨ ਵਿਅਕਤੀ ਸਨ । ਉਹ ਇੰਡੀਅਨ ਨੈਸ਼ਨਲ ਕਾਂਗਰਸ ਰਾਹੀ ਅੰਦੋਲਨ ਦੀ ਅਗਵਾਈ ਕਰ ਰਹੇ ਸਨ। ਗੋਪਾਲ ਕ੍ਰਿਸ਼ਨ ਗੋਖਲੇ ਦਾਦਾ ਭਾਈ ਨਾਰੋਜੀ ਫਿਰੋਜਸ਼ਾਹ ਮਹਿਤਾ ਸੁਰਿੰਦਰ ਨਾਥ ਬੈਨਰਜੀ ਪੰਡਤ ਮਦਨ ਮੋਹਨ ਮਾਲਵੀਆ ਆਦਿ ਨਰਮ ਦਲੀਏ ਉਘੇ ਲੀਡਰ ਸਨ।

### ਨਰਮ ਦਲਈਆਂ ਦੇ ਰਾਜਨੀਤਿਕ ਵਿਚਾਰ

ਨਰਮ ਦਲੀਏ ਲੀਡਰਾਂ ਤੇ ਬ੍ਰਿਟਿਸ਼ ਸਾਹਿਤ ਅਤੇ ਸੱਭਿਆਚਾਰ ਦਾ ਡੂੰਘਾ ਪ੍ਰਭਾਵ ਸੀ ਉਹ ਇੰਗਲੈਂਡ ਦੀਆਂ ਰਾਜਨੀਤਕ ਸੰਸਥਾਵਾਂ ਦੇ ਬਹੁਤ ਵੱਡੇ ਪ੍ਰਸੰਸਕ ਸਨ ਅੰਗਰੇਜ਼ਾਂ ਨੂੰ ਪਸੰਦ ਕਰਦੇ ਸਨ ਉਨ੍ਹਾਂ ਦਾ ਵਿਚਾਰ ਸੀ ਕਿ ਭਾਰਤ ਵਾਸੀਆਂ ਨੂੰ ਅੰਗਰੇਜ਼ੀ ਰਾਜ ਵਿੱਚ ਅੰਗਰੇਜਾਂ ਦੀ ਇਨਸਾਫ਼ਪਸੰਦੀ ਵਿਚ ਵਿਸ਼ਵਾਸ ਸੀ। ਉਹਨਾਂ ਨੂੰ ਲੱਗਦਾ ਸੀ ਕਿ ਅੰਗਰੇਜ਼ਾਂ ਦਾ ਰਾਜ ਭਾਰਤੀਆਂ ਲਈ ਵਰਦਾਨ ਹੈ। ਨਰਮ ਦਲੀਏ ਲੀਡਰ ਰਾਜ ਭਗਤ ਬਣ ਕੇ ਰਹਿਣ ਦਾ ਪ੍ਰਚਾਰ ਕਰ ਰਹੇ ਸਨ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜੇਕਰ ਅੰਗਰੇਜ਼ ਕੌਮ ਨੂੰ ਭਾਰਤ ਦੀ ਅਸਲੀ ਹਾਲਤ ਬਾਰੇ ਦੱਸਿਆ ਜਾਵੇ ਤਾਂ ਜ਼ਰੂਰ ਹੀ ਭਾਰਤੀਆਂ ਦੀ ਭਲਾਈ ਲਈ ਕੰਮ ਕਰੇਗੀ।

### ਨਰਮ ਦਲੀਆਂ ਦੀਆਂ ਮੰਗਾਂ

ਨਰਮਦਲੀ ਲੀਡਰ ਭਾਰਤ ਦੇ ਪ੍ਰਬੰਧਕੀ ਢਾਂਚੇ ਵਿੱਚ ਸੁਧਾਰ ਕਰਨ ਉਪਰ ਜ਼ੋਰ ਦਿੰਦੇ ਸਨ ਇਸ ਸਬੰਧ ਵਿਚ ਉਨ੍ਹਾਂ ਨੇ ਕੁਝ ਹੇਠ ਲਿਖੀਆਂ ਮੰਗਾਂ ਰੱਖੀਆਂ।

1 ਲੈਜਿਸਲੇਟਿਵ ਕੌਂਸਲ ਦਾ ਪੁਨਰਗਠਨ ਕੀਤਾ ਜਾਵੇ
2 ਇੰਡੀਆ ਕੌਂਸਲ ਦਾ ਜਾਂ ਦਾ ਅੰਤ ਕੀਤਾ ਜਾਵੇ ਜਾਂ ਉਸ ਵਿੱਚ ਕੁੱਝ ਲਾਭਦਾਇਕ ਸੁਧਾਰ ਕੀਤੇ ਜਾਣ
3 ਪ੍ਰੈਸ ਉਤੇ ਲੱਗੀਆਂ ਪਾਬੰਦੀਆਂ ਹਟਾਈਆਂ ਜਾਣ
4 ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਨੂੰ ਇਕ ਦੂਸਰੇ ਨਾਲੋਂ ਵੱਖਰਾ ਕੀਤਾ ਜਾਵੇ।
5 ਸੈਨਾ ਸਬੰਧੀ ਖ਼ਰਚ ਨੂੰ ਘੱਟ ਕੀਤਾ ਜਾਵੇ
6 ਆਈ ਸੀ ਐਸ ਦੇ ਇਮਤਿਹਾਨ ਲਈ ਭਾਰਤ ਵਿੱਚ ਵੀ ਪ੍ਰਬੰਧ ਕੀਤਾ ਜਾਵੇ।
7 ਭਾਰਤੀਆਂ ਨੂੰ ਉੱਚ ਸੈਨਿਕ ਪਦਵੀ ਤੇ ਨਿਯੁਕਤ ਕੀਤਾ ਜਾਵੇ
8 ਆਰਮਜ਼ ਐਕਟ ਨੂੰ ਜਿਸ ਦੇ ਅਧੀਨ ਭਾਰਤੀਆਂ ਨੂੰ ਹਥਿਆਰ ਰਖਣ ਦੀ ਮਨਾਹੀ ਕੀਤੀ ਗਈ ਹੈ ਖਤਮ ਕੀਤਾ ਜਾਵੇ
9 ਕਿਸਾਨਾਂ ਦੇ ਬੋਝ ਨੂੰ ਹਲਕਾ ਕਰਨ ਲਈ ਟੈਕਸ ਘੱਟ ਕੀਤਾ ਜਾਵੇ

Scanned with CamScanner

10 ਸਥਾਨਕ ਸੰਸਥਾਵਾਂ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਜਾਣ।

ਨਰਮ ਦਲੀਏ ਲੀਡਰਾ ਦੀਆਂ ਇਹਨਾਂ ਮੰਗਾਂ ਬਾਰੇ ਇਕ ਮਹੱਤਵਪੂਰਨ ਗੱਲ ਇਹ ਸੀ ਕਿ ਇਨ੍ਹਾਂ ਵਿੱਚੋਂ ਅਜਿਹੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਕਾਂਗਰਸ ਦੇ ਇਜਲਾਸ ਵਿੱਚ ਪੇਸ਼ ਕੀਤਾ ਸੀ ਅਤੇ ਅਗਲੇ ਕਈ ਸਾਲ ਤੱਕ ਉਨ੍ਹਾਂ ਨੂੰ ਦੁਹਰਾਉਂਦੇ ਰਹੇ ਸਨ।

ਨਰਮ ਦਲੀਆਂ ਦੀ ਕਾਰਜ ਵਿਧੀ

ਨਰਮ ਦਲ ਦੇ ਨੇਤਾ ਆਪਣੀਆ ਮੰਗਾਂ ਨੂੰ ਪੂਰਾ ਕਰਾਉਣ ਲਈ ਵਿਧਾਨਕ ਸਾਧਨਾਂ ਉੱਤੇ ਵਿਸ਼ਵਾਸ ਰੱਖਦੇ ਸਨ ਇਸ ਲਈ ਉਹ ਆਪਣਾ ਪ੍ਰਚਾਰ ਅਖ਼ਬਾਰਾਂ ਰਾਹੀ ਅਤੇ ਤਕਰੀਰਾਂ ਰਾਹੀਂ ਕਾਂਗਰਸ ਸਰਕਾਰ ਨੂੰ ਵੀ ਪੇਸ਼ ਕਰਦੇ ਸਨ ।ਉਹ ਕਾਂਗਰਸ ਦੇ ਕੰਮਾਂ ਤੋਂ ਜਾਣੂ ਕਰਾਉਣ ਲਈ ਆਪਣੇ ਪ੍ਰਤੀਨਿਧ ਇੰਗਲੈਂਡ ਭੇਜਦੇ ਸਨ। ਅਖਬਾਰ ਉਨ੍ਹਾਂ ਦੇ ਪ੍ਰਚਾਰ ਦਾ ਇਕ ਵੱਡਾ ਸਾਧਨ ਸਨ ਕਿਉਂਕਿ ਉਨ੍ਹਾਂ ਵਿੱਚੋਂ ਬਹੁਤੇ ਨਰਮ ਦਲੀਏ ਲੀਡਰ ਕੁਝ ਅਖਬਾਰਾਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਅਤੇ ਦੂਸਰੀਆਂ ਭਾਰਤੀ ਭਾਸ਼ਾਵਾਂ ਵਿੱਚ ਛਾਪਦੇ ਸਨ। ਨਰਮਦਲਈਆਂ ਦੇ ਇਜਲਾਸਾਂ ਵਿੱਚ ਕੀਤੇ ਗਏ ਫ਼ੈਸਲੇ ਸਰਕਾਰ ਦੇ ਲਈ ਬਹੁਤ ਮਹੱਤਵ ਰੱਖਦੇ ਸਨ।

ਨਰਮ ਦਲੀਏ ਲੀਡਰਾਂ ਦੇ ਵਿੱਚੋਂ ਦਾਦਾ ਭਾਈ ਨਾਰੋਜੀ ਵਰਗੇ ਕੁਝ ਨੇਤਅਵਾ ਦਾ ਇਹ ਮੰਨਣਾ ਸੀ ਕਿ ਕਾਂਗਰਸ ਨੂੰ ਇੰਗਲੈਂਡ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ। ਸੋ 1880 ਈਸਵੀ ਵਿਚ ਕਾਂਗਰਸ ਨੇ ਵਿਲੀਅਮ ਡਈਗਵੀ ਦੀ ਸਰਪ੍ਰਸਤੀ ਹੇਠ ਇੰਗਲੈਂਡ ਵਿੱਚ ਇੰਡੀਅਨ ਏਜੰਸੀ ਦੀ ਸਥਾਪਨਾ ਕੀਤੀ। ਅਗਲੇ ਸਾਲ ਬ੍ਰਿਟਿਸ਼ ਕਮੇਟੀ ਆਫ ਇੰਡੀਅਨ ਨੈਸ਼ਨਲ ਕਾਂਗਰਸ ਦੀ ਨੀਂਹ ਰੱਖੀ ਗਈ ਇਸ ਕਮੇਟੀ ਨੇ india ਨਮੀ ਅਖ਼ਬਾਰ ਸ਼ੁਰੂ ਕੀਤਾ। ਜੁਲਾਈ 1893 ਈਸਵੀ ਵਿੱਚ ਇਸ ਕਮੇਟੀ ਨੂੰ ਸੰਸਦ ਵਿਚ ਇੰਡੀਅਨ ਪਾਰਲੀਮੈਂਟ ਕਮੇਟੀ ਬਣਾਉਣ ਦੀ ਵੀ ਸਫਲਤਾ ਮਿਲ ਗਈ। ਉਪਰੋਕਤ ਕਮੇਟੀਆਂ ਦੇ ਅਲਾਵਾ ਕਾਂਗਰਸ ਦੇ ਕੁਝ ਅੰਗਰੇਜ਼ ਮਿੱਤਰਾਂ ਨੇ ਵੀ ਭਾਰਤੀ ਮਾਮਲਿਆਂ ਵਿਚ ਦਿਲਚਸਪੀ ਲਵੇ ਭਾਰਤ ਸਬੰਧੀ ਉਨ੍ਹਾਂ ਨੇ ਦੋ ਬਿਲ ਪੇਸ਼ ਕੀਤੇ ਜਿਨ੍ਹਾਂ ਵਿਚ ਲੈਜਿਸਲੇਟਿਵ ਕੌਂਸਲ ਦੇ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਨੂੰ ਵਿਸ਼ਾਲ ਕਰਨ ਦੀ ਵੀ ਸਿਫਾਰਸ਼ ਕੀਤੀ ਗਈ ਸੀ। ਠਾਰਾਂ ਸੋ ਕੰਨ ਮਿਸਰੀ ਵਿਚ ਜਦ ਮਿਸਟਰ ਬਰਨਾਲਾ ਦੀ ਮੌਤ ਹੋਈ ਤਾਂ ਭਾਰਤੀਆਂ ਨੇ ਇਸਨੂੰ ਬਹੁਤ ਵੱਡਾ ਨੁਕਸਾਨ ਮੰਨਿਆ।

ਇਸ ਕਾਲ ਵਿੱਚ ਕਾਂਗਰਸ ਸਮੇਂ ਸਮੇਂ ਉੱਤੇ ਆਪਣੇ ਪ੍ਰਤੀਨਿਧ ਮੰਡਲ ਵੀ ਇੰਗਲੈਂਡ ਵਿੱਚ ਭੇਜਦੀ ਰਹੀ ਹੈ ਜੋ ਕੇ ਬ੍ਰਿਟਿਸ਼ ਰਾਜ ਪਾਸ ਭਾਰਤੀਆਂ ਦੀਆਂ ਤਕਲੀਫਾਂ ਦੂਰ ਕਰਨ ਦੀ ਬੇਨਤੀ ਕਰਦੇ ਰਹੇ । 1890 ਵਿੱਚ ਕਾਂਗਰਸ ਦਾ ਪਹਿਲਾ ਪ੍ਰਤਿਨਿਧਿਮੰਡਲ ਇੰਗਲੈਂਡ ਵਿੱਚ ਪਹੁੰਚਿਆ ਜਿਸ ਵਿੱਚ ਸੁਰਿੰਦਰ ਨਾਥ ਬੈਨਰਜੀ ਡਬਲਿਊ ਸੀ ਬੈਨਰਜੀ ਇਹ ਉਹ ਹੀਊਮ ਅਤੇ ਮਿਸਟਰ ਨਾਟਨ ਸ਼ਾਮਲ ਸਨ ।ਇਨ੍ਹਾਂ ਨੇ ਕਈ ਇਕ ਅਸਥਾਨਾਂ ਉਪਰ ਭਾਸ਼ਣ ਦਿੱਤੇ ਅਤੇ ਇੰਗਲੈਂਡ ਦੀ ਜਨਤਾ ਨੂੰ ਭਾਰਤੀ ਸਮੱਸਿਆਵਾਂ ਬਾਰੇ ਜਾਣੂ ਕਰਾਇਆ।

ਨਰਮ ਦਲੀਏ ਰਾਸ਼ਟਰਵਾਦੀਆਂ ਦੀ ਦੇਣ

ਭਾਵੇਂ ਉਸ ਸਮੇਂ ਦੇ ਭਾਰਤੀ ਨੌਜਵਾਨ ਨਰਮ ਦਲੀਏ ਲੀਡਰਾਂ ਦੀ ਨੀਤੀ ਨੂੰ ਪਸੰਦ ਨਹੀਂ ਕਰਦੇ ਸਨ ਉਨ੍ਹਾਂ ਨੂੰ ਮਜ਼ਾਕ ਦੇ ਨਾਲ ਰਾਜਨੀਤਿਕ ਭੀਖ ਮੰਗੀ ਏ ਮੰਨਦੇ ਸਨ ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕੇ ਨਰਮ ਦਲੀਏ ਲੀਡਰ ਸੱਚੇ ਦੇਸ਼ ਭਗਤ ਸਨ। ਉਨ੍ਹਾਂ ਨੇ ਰਾਸ਼ਟਰੀ ਅੰਦੋਲਨ ਦੇ ਪ੍ਰਤੀ ਸ਼ਲਾਘਾਯੋਗ ਸੇਵਾਵਾਂ ਕੀਤੀਆਂ ਸਨ ਉਨ੍ਹਾਂ ਨੇ ਸਭ ਤੋਂ ਪਹਿਲਾਂ ਭਾਰਤੀ ਸਮਾਜ ਦੇ ਵੱਖ ਵੱਖ ਤੱਤਾਂ ਨੂੰ ਏਕਤਾ ਦੀ ਲੜੀ ਵਿੱਚ ਪਰੋ ਕੇ ਕੌਮ ਦਾ ਰਸਤਾ ਵਿਖਾਇਆ ਸੀ ਇਸ ਦੀ ਪੂਰਤੀ ਲਈ ਅਖਿਲ ਭਾਰਤੀ ਕਾਂਗਰਸ ਦੀ ਸਥਾਪਨਾ ਕੀਤੀ ਸੀ। ਇਸਦੇ ਇਲਾਵਾ ਉਹ ਕਾਂਗਰਸ ਨੂੰ ਹਰਮਨ ਪਿਆਰਾ ਅਤੇ ਸ਼ਕਤੀਸ਼ਾਲੀ ਬਣਾਉਣ ਦੇ ਲਈ ਨਿਯਮ-ਬੱਧ ਇਜਲਾਸ ਬੁਲਾਉਂਦੇ ਰਹੇ ਇਸ ਦੌਰਾਨ ਮ ਤੇ ਪੇਸ਼ ਕਰਦੇ ਰਹੇ ਅਤੇ ਇਸ ਤਰਾਂ ਕਠਿਨਾਈਆਂ ਅਤੇ ਸਮੱਸਿਆਵਾਂ ਬਾਰੇ ਦੇਸ਼ ਵਾਸੀਆਂ ਨੂੰ ਸੁਚੇਤ ਕਰਦੇ ਰਹੇ। ਨਿਰਸੰਦੇਹ ਇਨ੍ਹਾਂ ਦੇਸ਼ ਭਗਤਾਂ ਨੇ ਰਾਸ਼ਟਰੀ ਅੰਦੋਲਨ ਦੇ ਮੁੱਢਲੇ ਵਰ੍ਹਿਆਂ ਵਿਚ ਰਾਜਨੀਤਿਕ ਸਿੱਖਿਆ ਕੌਮੀ ਜਾਗ੍ਰਿਤੀ ਅਤੇ ਭਾਰਤੀਆਂ ਨੂੰ ਏਕਤਾ ਦੀ ਲੜੀ ਵਿੱਚ ਪ੍ਰੋਣ ਬਾਰੇ ਜੋ ਕੰਮ ਕੀਤਾ ਉਹ ਸ਼ਲਾਘਾਯੋਗ ਹੈ। ਜੇ ਨਰਮ ਦਲੀਏ ਲੀਡਰ ਉਸ ਸਮੇਂ ਕੋਈ ਕ੍ਰਾਂਤੀਕਾਰੀ ਸਾਧਨ ਅਪਣਾਉਂਦੇ ਜਾਂ ਨੀਤੀ ਬਣਾਉਂਦੇ ਤਾਂ ਸੰਭਵ ਸੀ ਕੇ ਸਰਕਾਰੇ ਵਿਰੋਧ ਦੇ ਕਾਰਨ ਰਾਸ਼ਟਰੀ ਅੰਦੋਲਨ ਦੀ ਉ ਨਤੀ ਵਿੱਚ ਹੀ ਰੁਕ ਜਾਂਦੀ । ਇਸ ਲਈ ਸਮੇਂ ਅਨੁਸਾਰ ਹਕੂਮਤਾਂ ਦੇ ਬਾਵਜੂਦ ਨਰਮ ਦਲੀ ਨੇਤਾਵਾਂ ਨੇ ਜੋ ਵੀ ਕੰਮ ਕੀਤੇ ਉਹ ਬਿਲਕੁਲ ਠੀਕ ਸਨ। ਇਹਨਾਂ ਪ੍ਰਤਿਭਾਸ਼ਾਲੀ ਅਤੇ ਉੱਚੇ ਆਚਰਣ ਵਾਲੇ ਦੇਸ਼ ਭਗਤਾਂ ਨੇ ਬਦੇਸ਼ੀ ਨੌਕਰਸ਼ਾਹੀ ਦੇ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਵੀ ਭਾਰਤ ਦੀ ਮੁੜ ਉਸਾਰੀ ਸਬੰਧੀ ਬੜਾ ਮਹੱਤਵਪੂਰਨ ਕੰਮ ਕੀਤਾ।

ਰਾਸ਼ਟਰੀ ਅੰਦੋਲਨ ਸਬੰਧੀ ਸਰਕਾਰ ਦੀ ਨੀਤੀ

ਡਾਕਟਰ ਆਰ ਸੀ ਮਜੂਮਦਾਰ ਦੇ ਅਨੁਸਾਰ ਸਰਕਾਰ ਅਤੇ ਭਾਰਤ ਸਰਕਾਰ ਦੋਹਾਂ ਨੇ ਹੀ ਕੌਮੀ ਅੰਦੋਲਨ ਪ੍ਰਤੀ

Scanned with CamScanner

ਬਹੁਤ ਸਖਤ ਨੀਤੀ ਨੂੰ ਅਪਨਾਇਆ। ਸਰਕਾਰੀ ਨੌਕਰਸ਼ਾਹੀ ਨੂੰ ਵੀ ਇਸ ਨਾਲ ਕੋਈ ਹਮਦਰਦੀ ਨਹੀਂ ਸੀ ਉਹ ਵੀ ਇਹਨਾਂ ਲੋਕਾਂ ਦੇ ਨਾਲ ਸਖਤੀ ਵਾਲਾ ਵਿਹਾਰ ਕਰਦੇ ਸਨ । ਕੁਝ ਖ਼ਾਸ ਸ਼ਖ਼ਸੀਅਤ ਨੂੰ ਛੱਡ ਕੇ ਸਾਰੇ ਅੰਗਰੇਜ਼ ਕਾਂਗਰਸ ਦੇ ਖਿਲਾਫ ਸਨ। ਡਾਕਟਰ ਈਸ਼ਵਰੀ ਪ੍ਰਸ਼ਾਦ ਤੇ ਸੂਬੇਦਾਰ ਲਿਖਦੇ ਹਨ ਕਿ ਅੰਗਰੇਜ਼ ਸਰਕਾਰ ਨੇ ਸ਼ੁਰੂ ਵਿੱਚ ਤਾਂ ਕਾਂਗਰਸ ਦੇ ਅੰਦੋਲਨ ਦਾ ਮਜ਼ਾਕ ਉਡਾਇਆ ਫੇਰ ਗਲਤ ਭਾਸ਼ਾ ਵਰਤੀ ਪਿੱਛੋਂ ਗਲਤ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਸ੍ਰੀ ਰੇਮਜੇ ਮੈਂਟਕਡਨਲਡ ਨੇ ਵੀ ਇਸ ਗੱਲ ਦੀ ਪ੍ਰੋੜਤਾ ਇਨ੍ਹਾਂ ਸ਼ਬਦਾਂ ਵਿੱਚ ਕੀਤੀ ਹੈ ਕਿ ਰਾਸ਼ਟਰੀ ਅੰਦੋਲਨ ਦੀ ਉਨਤੀ ਕਾਫੀ ਹੱਦ ਤੱਕ ਸਰਕਾਰ ਦੀ ਨੀਤੀ ਉੱਤੇ ਨਿਰਭਰ ਸੀ ਸ਼ੁਰੂ ਵਿੱਚ ਤਾਂ ਸਰਕਾਰ ਇਸ ਦੀ ਪੱਖੀ ਸੀ ਪਰ ਬਾਅਦ ਵਿਚ ਕਾਂਗਰਸ ਵਿਰੋਧੀ ਹੋ ਗਈ ।

1885 ਵਿਚ ਜਦ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਹੋਈ ਤਾਂ ਭਾਰਤੀ ਗਵਰਨਰ ਜਨਰਲ ਲਾਰਡ ਆਕਲੇਡ ਨੇ ਇਸ ਦਾ ਵਿਰੋਧ ਨਾ ਕੀਤਾ ਉਸ ਦਾ ਵਿਸ਼ਵਾਸ ਸੀ ਕਿ ਇਸ ਸੰਸਥਾ ਰਾਹੀਂ ਭਾਰਤੀ ਜਨਤਾ ਦੀਆਂ ਭਾਵਨਾਵਾਂ ਨੂੰ ਜਾਨਣਾ ਸੌਖਾ ਹੋਵੇਗਾ ਉਸ ਦਾ ਵਿਸ਼ਵਾਸ ਸੀ ਕਿ ਇਸ ਸੰਸਥਾ ਰਾਹੀਂ ਸਰਕਾਰ ਲਈ ਭਾਰਤੀ ਜਨਤਾ ਦੀਆਂ ਭਾਵਨਾਵਾਂ ਨੂੰ ਜਾਨਣਾ ਸੌਖਾ ਹੋਵੇਗਾ ਸਰਕਾਰ ਨੂੰ ਉਨ੍ਹਾਂ ਪ੍ਰਤੀ ਆਪਣੀਆਂ ਨੀਤੀਆਂ ਬਣਾਉਣ ਵਿੱਚ ਇਸ ਨੂੰ ਸਹਾਇਤਾ ਮਿਲੇਗੀ। ਸਰਕਾਰ ਦੀ ਇਸ ਉਦਾਰਤਾ ਪੂਰਣ ਨੀਤੀ ਦੇ ਸਿੱਟੇ ਵਜੋਂ ਰਾਸ਼ਟਰੀ ਅੰਦੋਲਨ ਦੇ ਵਿਕਾਸ ਨੂੰ ਉਤਸ਼ਾਹ ਮਿਲਿਆ।

ਕਾਂਗਰਸ ਦੀ ਸਥਾਪਨਾ ਦੇ ਸਿਰਫ ਦੋ ਤਿੰਨ ਸਾਲ ਬਾਅਦ ਵੀ ਸਰਕਾਰ ਦੀ ਨੀਤੀ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਗਈ । ਲਾਰਡ ਆਕਲੈਂਡ ਜਿਸ ਨੇ ਕਲਕੱਤੇ ਦੇ ਇਜਲਾਸ ਸਮੇਂ ਇਸ ਦੇ ਮਿੱਤਰ ਹੋਣ ਦਾ ਪ੍ਰਗਟਾਵਾ ਕੀਤਾ ਸੀ ਹੁਣ ਇਸ ਦਾ ਅਲੋਚਕ ਬਣ ਗਿਆ ।ਜਿਸ ਨੇ 30 ਨਵੰਬਰ 1888 ਨੂੰ ਭਾਸ਼ਣ ਦਿੰਦਿਆਂ ਹੋਇਆਂ ਕਾਂਗਰਸ ਦੀ ਸਰਕਾਰ ਦੀ ਮੰਗ ਦਾ ਮਜ਼ਾਕ ਉਡਾਇਆ ਅਤੇ ਕਾਂਗਰਸ ਨੂੰ ਭਾਰਤੀ ਜਨਤਾ ਦੀ ਇਕ ਛੋਟੀ ਜਿਹੀ ਜਮਾਤ ਦੀ ਪ੍ਰਤਿਨਿਧ ਕੇ ਉਸ ਨੂੰ ਮਹਾਨਤਾ ਘਟਾਉਣ ਦਾ ਯਤਨ ਕੀਤਾ। 1888 ਵਿੱਚ ਯੂਪੀ ਸਰਕਾਰ ਨੇ ਕਾਂਗਰਸ ਨੂੰ ਆਪਣੇ ਸਾਲਾਨਾ ਇਜਲਾਸ ਲਈ ਅਲਾਹਾਬਾਦ ਵਿੱਚ ਥਾਂ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਦੇ ਪ੍ਰੋਗਰਾਮ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਸਰਕਾਰੀ ਅਫਸਰਾਂ ਨੇ ਕਾਂਗਰਸ ਦੇ ਪ੍ਰਭਾਵ ਨੂੰ ਘਟਾਉਣ ਲਈ ਹਰ ਯਤਨ ਕੀਤਾ। ਉਨ੍ਹਾਂ ਨੇ ਉਤਰੀ ਪੱਛਮੀ ਸੂਬੇ ਦੇ ਮੁਸਲਮਾਨਾਂ ਨੂੰ ਕਾਂਗਰਸ ਅੰਦੋਲਨ ਦੇ ਖਿਲਾਫ਼ ਭੜਕਾਇਆ ਨਾਲ ਹੀ ਪੜ੍ਹੇ ਲਿਖੇ ਹਿੰਦੂਆਂ ਨੂੰ ਵੀ ਇਸ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਸਰਕਾਰ ਅਤੇ ਸਰਕਾਰੀ ਅਫਸਰਾਂ ਨੇ ਜਿੰਨੀ ਵੀ ਕਾਂਗਰਸ ਦੀ ਮੁਖਾਲਫਤ ਕੀਤੀ ਓਨੀ ਹੀ ਕਾਂਗਰਸ ਹੋ ਰ ਹਰਮਨ ਪਿਆਰੀ ਹੁੰਦੀ ਗਈ ਅਤੇ ਉਸ ਦਾ ਪ੍ਰਭਾਵ ਵਧਦਾ ਗਿਆ ਡਾਕਟਰ ਆਰਸੀ ਮਜੂਮਦਾਰ ਲਿਖਦੇ ਹਨ ਕਿ ਬ੍ਰਿਟਿਸ਼ ਸਰਕਾਰ ਅਤੇ ਨੌਕਰਸ਼ਾਹੀ ਦੀਆਂ ਕਾਂਗਰਸ ਵਿਰੋਧੀ ਸਾਜਿਸ਼ਾਂ ਆਪਣੇ ਉਦੇਸ਼ ਦੀ ਪੂਰਤੀ ਵਿੱਚ ਇਸ ਲਈ ਸਫਲ ਨਾ ਹੋਇਆ ਕਿਉਂਕਿ ਉਹ ਇਹ ਗੱਲ ਜਾਨਣ ਵਿੱਚ ਅਸਮਰਥ ਰਹਿ ਕੇ ਕਾਂਗਰਸ ਦੀ ਸ਼ਕਤੀ ਦਾ ਆਧਾਰ ਹੀ ਨਹੀਂ ਸਗੋਂ ਭਾਰਤੀ ਸਮਾਜ ਦਾ ਆਮ ਤਬਕਾ ਹੈ ।

Scanned with CamScanner